Punjabi | ਪੰਜਾਬੀ

NYC Mayor's Office of Immigrant Affairs

# ਪ੍ਰਵਾਸੀ ਨਿਊ ਯਾਰਕ ਵਸਨੀਕਾਂ ਲਈ ਵਸੀਲੇ

## ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਨਿਊ ਯਾਰਕ ਸਿਟੀ ਤੁਹਾਡੀ ਮਦਦ ਲਈ ਮੌਜੂਦ ਹੈ।

### ਇਮੀਗ੍ਰੇਸ਼ਨ ਸੰਬੰਧੀ ਕਨੂੰਨੀ ਸਹਾਇਤਾ

**ਇਮੀਗ੍ਰੇਸ਼ਨ ਸੰਬੰਧੀ ਮੁਫ਼ਤ ਅਤੇ ਸੁਰੱਖਿਅਤ ਕਨੂੰਨੀ ਸਹਾਇਤਾ ਲਈ, 800-354-0365** 'ਤੇ ਕਾਲ ਕਰੋ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ 6 ਵਜੇ ਤੱਕ।

### ਨਿਊ ਯਾਰਕ ਸਿਟੀ ਪਛਾਣ ਕਾਰਡ

**IDNYC ਲਈ ਅਰਜ਼ੀ ਦਿਓ**, ਜੋ ਨਿਊ ਯਾਰਕ ਸਿਟੀ ਦੇ 10 ਸਾਲ ਅਤੇ ਉਸਤੋਂ ਵੱਧ ਉਮਰ ਦੇ ਸਾਰੇ ਵਸਨੀਕਾਂ ਲਈ ਮੁਫ਼ਤ ਮਿਊਨਿਸਿਪਲ ਪਛਾਣ ਕਾਰਡ ਹੈ। ਆਨਲਾਈਨ ਰੀਨਿਊ ਕਰੋ ਜਾਂ ਸ਼ਾਮਲ ਹੋਣ ਲਈ ਅਪੌਇੰਟਮੈਂਟ ਲਓ, **311 'ਤੇ ਕਾਲ ਕਰੋ** ਜਾਂ **nyc.gov/idnyc** 'ਤੇ ਜਾਓ

### ਅੰਗਰੇਜ਼ੀ ਦੀਆਂ ਕਲਾਸਾਂ

ਕਦੇ ਵੀ, ਕਿਤੇ ਵੀ **ਅੰਗਰੇਜ਼ੀ ਦੀਆਂ ਮੁਫ਼ਤ** ਕਲਾਸਾਂ ਕਰੋ। ਵਧੇਰੀ ਜਾਣਕਾਰੀ ਲਈ **wespeaknyc.cityofnewyork.us** 'ਤੇ ਜਾਓ।

### ਸਿਹਤ ਸੰਭਾਲ

**NYC Health + Hospitals (H+H)** ਐਮਰਜੈਂਸੀ ਦੇਖਭਾਲ, ਮੁੱਢਲੀ ਸਿਹਤ ਸੰਭਾਲ, ਚੈੱਕ-ਅੱਪ, ਟੀਕਾਕਰਨ ਅਤੇ ਹੋਰ ਬਹੁਤ ਕੁਝ ਪ੍ਰਦਾਨ ਕਰ ਸਕਦੇ ਹਨ। **ਆਪਣੇ ਨਜ਼ਦੀਕੀ ਸੈਂਟਰ ਵਿੱਚ ਜਾਣ ਲਈ 1-844-NYC-4NYC (1-844-692-4692) 'ਤੇ ਕਾਲ ਕਰੋ। NYC Care** ਪ੍ਰੋਗਰਾਮ ਸਮੇਤ, ਸਿਹਤ ਬੀਮਾ ਪਲਾਨ ਵਿੱਚ ਸ਼ਾਮਲ ਹੋਣ ਲਈ, **646-NYC-CARE (646-692-2273)** 'ਤੇ ਕਾਲ ਕਰੋ ਜਾਂ **nyccare.nyc 'ਤੇ ਜਾਓ**

### ਮਾਨਸਿਕ ਸਿਹਤ

ਮਾਨਸਿਕ ਸਿਹਤ ਸੰਭਾਲ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸਰੋਤਾਂ ਨਾਲ ਜੁੜੀ ਗੁਪਤ ਸਹਾਇਤਾ ਅਤੇ ਸਬੰਧਾਂ ਲਈ, **888-692-9355 ਜਾਂ 988** 'ਤੇ ਕਾਲ ਕਰੋ, ਜਾਂ **65173 'ਤੇ WELL** ਟੈਕਸਟ ਕਰੋ। ਨਿਊ ਯਾਰਕ ਦੇ ਵਸਨੀਕ ਨਿਊ ਯਾਰਕ ਸਿਟੀ ਵਿੱਚ ਮਾਨਸਿਕ ਸਿਹਤ ਸੇਵਾਵਾਂ ਨਾਲ ਜੁੜੇ ਬਹੁ-ਭਾਸ਼ਾਈ ਵਸੀਲਿਆਂ ਲਈ **nyc.gov/mentalhealthaccess** 'ਤੇ ਜਾ ਸਕਦੇ ਹਨ, ਜਾਂ ਮਾਨਸਿਕ ਸਿਹਤ ਸੇਵਾਵਾਂ ਨੂੰ ਲੱਭਣ ਲਈ **nyc.gov/mentalhealthservices** 'ਤੇ ਨਿਊ ਯਾਰਕ ਸਿਟੀ ਦੀ 988 ਆਨਲਾਈਨ ਡਾਇਰੈਕਟਰੀ ਦੀ ਵਰਤੋਂ ਕਰ ਸਕਦੇ ਹਨ।

### ਐਮਰਜੈਂਸੀਆਂ

**ਕਿਸੇ ਐਮਰਜੈਂਸੀ ਵਿੱਚ, 911 'ਤੇ ਕਾਲ ਕਰੋ।** ਐਮਰਜੈਂਸੀ ਅਜਿਹੀ ਕੋਈ ਵੀ ਸਥਿਤੀ ਹੁੰਦੀ ਹੈ ਜਿਸ ਲਈ ਪੁਲਿਸ, ਅੱਗ ਬੁਝਾਊ ਵਿਭਾਗ, ਜਾਂ ਐਂਬੂਲੈਂਸ ਤੋਂ ਤੁਰੰਤ ਮਦਦ ਦੀ ਲੋੜ ਹੁੰਦੀ ਹੈ। **ਕਨੂੰਨ ਦੇ ਮੁਤਾਬਕ, ਨਿਊ ਯਾਰਕ ਸਿਟੀ ਪੁਲਿਸ ਵਿਭਾਗ (New York City Police Department) ਅਪਰਾਧ ਪੀੜਿਤਾਂ, ਗਵਾਹਾਂ, ਜਾਂ ਮਦਦ ਮੰਗਣ ਵਾਲੇ ਹੋਰ ਲੋਕਾਂ ਤੋਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛ ਸਕਦਾ।**

### ਜਨਤੱਕ ਸਿੱਖਿਆ

**ਨਿਊ ਯਾਰਕ ਸਿਟੀ ਦੇ 4 ਤੋਂ 21 ਸਾਲ ਦੀ ਉਮਰ ਦੇ ਸਾਰੇ ਬੱਚੇ ਪਬਲਿਕ ਸਕੂਲ ਜਾ ਸਕਦੇ ਹਨ।** ਦਾਖਲਾ ਲੈਣ ਲਈ, **schools.nyc.gov/fwc** 'ਤੇ ਜਾਓ ਜਾਂ **311 'ਤੇ ਕਾਲ ਕਰੋ।**

### ਸ਼ਹਿਰ ਦੇ ਆਮ ਵਸੀਲੇ ਅਤੇ ਜਾਣਕਾਰੀ

ਸਿਟੀ ਦੇ ਵਸੀਲਿਆਂ ਤੱਕ ਪਹੁੰਚ ਚਾਹੀਦੀ ਹੈ ਜਾਂ ਕਿਸੇ ਸਮੱਸਿਆ ਦੀ ਰਿਪੋਰਟ ਕਰਨੀ ਚਾਹੁੰਦੇ ਹੋ? **311** 'ਤੇ ਕਾਲ ਕਰੋ ਜਾਂ **portal.311.nyc.gov** 'ਤੇ ਜਾਓ

### ਨਿਊ ਯਾਰਕ ਸਿਟੀ ਪ੍ਰਵਾਸੀ ਮਾਮਲਿਆਂ ਦੀ ਹਾਟਲਾਈਨ

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ 5 ਵਜੇ ਤੱਕ **212-788-7654** ਸਾਡੀ ਹਾਟਲਾਈਨ 'ਤੇ ਕਾਲ ਕਰੋ, ਜਾਂ **askmoia@cityhall.nyc.gov** 'ਤੇ ਸਾਨੂੰ ਈਮੇਲ ਕਰੋ

Punjabi | ਪੰਜਾਬੀ

NYC Mayor's Office of Immigrant Affairs

# ਪ੍ਰਵਾਸੀ ਨਿਊ ਯਾਰਕ ਵਸਨੀਕਾਂ ਲਈ ਵਸੀਲੇ

## ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਤੁਹਾਡੇ ਹੱਕ ਹਨ।

### ਇਮੀਗ੍ਰੇਸ਼ਨ ਸੰਬੰਧੀ ਧੋਖਾਧੜੀ ਤੋਂ ਬਚੋ

ਜੇਕਰ ਤੁਹਾਨੂੰ ਇਮੀਗ੍ਰੇਸ਼ਨ ਸੰਬੰਧੀ ਕਨੂੰਨੀ ਸਲਾਹ ਚਾਹੀਦੀ ਹੈ, ਤਾਂ ਸਿਰਫ਼ ਕਿਸੇ ਲਾਇਸੰਸਸ਼ੁਦਾ ਅਟਾਰਨੀ ਜਾਂ ਨਿਆਂ ਵਿਭਾਗ (Department of Justice, DOJ) ਤੋਂ ਕਿਸੇ ਅਧਿਕਾਰਤ ਨੁਮਾਇੰਦੇ ਨਾਲ ਗੱਲ ਕਰੋ। ਤੁਸੀਂ ਅਧਿਕਾਰਤ ਅਤੇ ਮਾਨਤਾ-ਪ੍ਰਾਪਤ ਪ੍ਰਦਾਤਾਵਾਂ ਦੀ ਸੂਚੀ **nyc.gov/immigrationfraud** 'ਤੇ ਵੇਖ ਸਕਦੇ ਹੋ।

### ਇਮੀਗ੍ਰੇਸ਼ਨ ਇਨਫੋਰਸਮੈਂਟ ਸੰਬੰਧੀ ਹੱਕ

ਨਿਊ ਯਾਰਕ ਸਿਟੀ ਇਮੀਗ੍ਰੇਸ਼ਨ ਇਨਫੋਰਸਮੈਂਟ ਨਹੀਂ ਕਰਦੀ। ਜੇਕਰ ਫੈਡਰਲ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਜਾਂਦਾ ਹੈ, ਤਾਂ ਤੁਹਾਡੇ ਹੱਕ ਹਨ। **nyc.gov/knowyourrights** ’ਤੇ ਜਾਓ ਜਾਂ **800-354-0365** ’ਤੇ ਸਾਡੀ ਮੁਫ਼ਤ ਇਮੀਗ੍ਰੇਸ਼ਨ ਲੀਗਲ ਹਾਟਲਾਈਨ ’ਤੇ ਕਾਲ ਕਰੋ

### ਕਰਮਚਾਰੀਆਂ ਦੇ ਹੱਕ

ਨਿਊਯਾਰਕ ਸਿਟੀ ਕਾਨੂੰਨ ਦੇ ਤਹਿਤ ਤੁਹਾਨੂੰ ਅਦਾਇਗੀ ਸਮੇਤ ਬੀਮਾਰੀ ਦੀ ਛੁੱਟੀ, ਨਿਮਨਤਮ ਤਨਖਾਹ, ਓਵਰਟਾਈਮ ਲਈ ਭੁਗਤਾਨ ਅਤੇ ਹੋਰ ਬਹੁਤ ਕੁਝ ਪ੍ਰਾਪਤ ਕਰਨ ਦਾ ਹੱਕ ਹੈ। ਵਸੀਲਿਆਂ ਲਈ **nyc.gov/workers** ’ਤੇ ਜਾਓ ਜਾਂ **212-436-0380** ’ਤੇ ਕਾਲ ਕਰੋ

### ਵਿਤਕਰੇ ਦੀ ਰਿਪੋਰਟ ਕਰੋ

ਨਿਊ ਯਾਰਕ ਸਿਟੀ ਦੇ ਮਨੁੱਖੀ ਅਧਿਕਾਰ ਕਨੂੰਨ ਦੇ ਤਹਿਤ ਪਰੇਸ਼ਾਨ ਕਰਨਾ ਅਤੇ ਵਿਤਕਰਾ ਗੈਰ-ਕਨੂੰਨੀ ਹਨ। ਵਿਤਕਰੇ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ **212-416-0197** ’ਤੇ ਕਾਲ ਕਰੋ ਜਾਂ **nyc.gov/reportdiscrimination** ’ਤੇ ਜਾਓ

### ਘਰੇਲੂ ਹਿੰਸਾ ਤੋਂ ਸੁਰੱਖਿਆ

ਜੇਕਰ ਤੁਸੀਂ ਬਦਸਲੂਕੀ ਦਾ ਸਾਮ੍ਹਣਾ ਕਰ ਰਹੇ ਹੋ, ਤਾਂ ਨਿਊ ਯਾਰਕ ਸਿਟੀ ਤੁਹਾਡੀ ਮਦਦ ਲਈ ਮੌਜੂਦ ਹੈ। ਤੁਸੀਂ **nyc.gov/nychope** 'ਤੇ ਜਾ ਸਕਦੇ ਹੋ ਜਾਂ **800-621-HOPE** 'ਤੇ ਨਿਊ ਯਾਰਕ ਸਿਟੀ ਦੀ ਘਰੇਲੂ ਹਿੰਸਾ ਹਾਟਲਾਈਨ 'ਤੇ ਕਾਲ ਕਰ ਸਕਦੇ ਹੋ।

### ਕਿਰਾਏਦਾਰਾਂ ਦੇ ਹੱਕ

ਕੀ ਤੁਹਾਨੂੰ ਬੇਦਖਲੀ ਜਾਂ ਆਪਣੇ ਮਕਾਨ ਮਾਲਕ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ ਲਈ ਮਦਦ ਦੀ ਲੋੜ ਹੈ? ਮੁਫ਼ਤ ਕਨੂੰਨੀ ਮਦਦ ਲਈ **nyc.gov/tenantprotection** ’ਤੇ ਜਾਓ ਜਾਂ **311** ’ਤੇ ਕਾਲ ਕਰੋ ਅਤੇ **“tenant helpline”** **(ਟੈਨੈਂਟ ਹੈਲਪਲਾਈਨ)** ਕਹੋ

### ਆਸਰਾ ਲੈਣ ਦਾ ਹੱਕ

ਜੇਕਰ ਤੁਸੀਂ ਬੇਘਰ ਹੋ ਤਾਂ ਤੁਹਾਨੂੰ ਪਨਾਹ ਲਈ ਬੇਨਤੀ ਕਰਨ ਦਾ ਹੱਕ ਹੈ। ਨਿਰਧਾਰਿਤ ਬੇਘਰ ਸੇਵਾਵਾਂ ਵਿਭਾਗ (Department of Homeless Services, DHS) ਇਨਟੇਕ ਸੈਂਟਰ 'ਤੇ ਜਾ ਕੇ ਆਸਰਾ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰੋ। **311** 'ਤੇ ਕਾਲ ਕਰ ਕੇ ਹੋਰ ਜਾਣੋ

### ਖਪਤਕਾਰ ਸੁਰੱਖਿਆ

ਕਿਸੇ ਕਾਰੋਬਾਰ ਨਾਲ ਕੋਈ ਸਮੱਸਿਆ ਹੈ? ਇੱਕ ਖਪਤਕਾਰ ਦੇ ਤੌਰ 'ਤੇ, ਤੁਹਾਡੇ ਹੱਕ ਹਨ। **nyc.gov/consumers** 'ਤੇ ਜਾ ਕੇ ਸ਼ਿਕਾਇਤ ਦਰਜ ਕਰੋ ਜਾਂ **311** 'ਤੇ ਕਾਲ ਕਰੋ